بِسۡمِ اللّٰہِ الرَّحۡمٰنِ الرَّحِیۡمِ        نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ        وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 26.11.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਮਹਾਨ ਮਰਤਬਾ ਰਖੱਣ ਵਾਲੇ ਖ਼ਲੀਫ਼ਾ ਰਾਸ਼ਿਦ ਫ਼ਾਰੂਕ ਹਜ਼ਰਤ ਉਮਰ ਬਿਨ ਖ਼ਤਾਬ ਰਜ਼ੀ ਅਲੱਾਹੁ ਅਨਹੁ ਦੇ ਸਦਗੁਣਾ ਦਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 26 ਨਵੰਬਰ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ, ਟਿਲਫ਼ੋਰਡ (ਯੂ.ਕੇ.) ਵਿੱਚ ਦਿੱਤਾ**

أَشْهَدُ أَنْ لَا إِلَهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بعد فاعوذ بالله من الشيطٰن الرجيم۔

بِسۡمِ اللّٰہِ الرَّحۡمٰنِ الرَّحِیۡمِ ۔ اَلۡحَمۡدُ لِلّٰہِ رَبِّ الۡعٰلَمِیۡنَ ۔ الرَّحۡمٰنِ الرَّحِیۡمِ ۔ مٰلِکِ یَوۡمِ الدِّیۡنِ ۔ اِیَّاکَ نَعۡبُدُ وَ اِیَّاکَ نَسۡتَعِیۡنُ ۔ اِہۡدِنَا الصِّرَاطَ الۡمُسۡتَقِیۡمَ ۔ صِرَاطَ الَّذِیۡنَ اَنۡعَمۡتَ عَلَیۡہِمۡ غَیۡرِ الۡمَغۡضُوۡبِ عَلَیۡہِمۡ وَ لَا الضَّآلِّیۡنَ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਦਰਬਾਰ ਵਿੱਚ ਕੁਰਆਨ ਕਰੀਮ ਦਾ ਗਿਆਨ ਰਖੱਣ ਵਾਲਿਆਂ ਦਾ ਵਡੱਾ ਸਥਾਨ ਸੀ ਭਾਵੇਂ ਉਹ ਗਭਰੂ ਹੋਣ ਜਾਂ ਵਧੇਰੀ ਉਮਰ ਵਾਲੇ । ਹੁਰ ਬਿਨ ਕੈਸ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹ ਦੇ ਨੇੜੇ ਬਹਿਣ ਵਾਲਿਆਂ ਵਿੱਚੋਂ ਸਨ । ਅਯੀਨਾ ਬਿਨ ਹਸਨ ਬਿਨ ਹੁਜ਼ੈਫ਼ਾ ਨੇ ਆਪਣੇ ਭਤੀਜੇ ਹੁਰ ਬਿਨ ਕੈਸ ਦੀ ਸਫ਼ਾਰਸ਼'ਤੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਦਰਬਾਰ ਵਿੱਚ ਪੇਸ਼ ਹੋਕੇ ਕਿਹਾ ਕਿ ਆਪ ਰਜ਼ੀ ਅਲੱਾਹੁ ਅਨਹੁ ਇੰਸਾਫ਼ ਨਾਲ ਸਾਨੂੰ ਮਾਲ ਨਹੀਂ ਦਿੰਦੇ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨਾਰਾਜ਼ ਹੋਕੇ ਕੁਝ ਕਹਿਣ ਹੀ ਵਾਲੇ ਸਨ ਕਿ ਹੁਰ ਨੇ ਝੱਟ ਅਰਜ਼ ਕੀਤੀ ਕਿ ਰੱਬ ਨੇ ਆਪਣੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੂੰ ਫ਼ਰਮਾਇਆ, خُذِ الۡعَفۡوَ وَ اۡمُرۡ بِالۡعُرۡفِ وَ اَعۡرِضۡ عَنِ الۡجٰہِلِیۡنَ (ਖ਼ੁਜ਼ਿਲ ਅਫ਼ਵਾ ਵ ਮੁਰ ਬਿਲਉਰਫ਼ਿ ਵ ਆਰਿਜ਼ ਅਨਿਲ ਜਾਹਿਲੀਨ) ਅਰਥਾਤ ਮਾਫ਼ ਕਰੋ ਤੇ ਚੰਗਾ ਆਦੇਸ਼ ਦਿਓ ਅਤੇ ਮੂਰਖਾਂ ਤੋਂ ਅੱਡ ਰਹੋ ਅਤੇ ਇਹ ਅਯੀਨਾ ਮੂਰਖਾਂ ਵਿੱਚੋਂ ਹੀ ਹੈ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਉਥੇ ਹੀ ਰੁੱਕ ਗਏ । ਕਿਉਂਕਿ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਰੱਬ ਦੀ ਕਿਤਾਬ (ਕੁਰਆਨ ਕਰੀਮ) ਨੂੰ ਸੁਣਕੇ ਰੁਕ ਜਾਂਦੇ ਸਨ । ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਰਜ਼ੀ ਅਲੱਾਹੁ ਅਨਹੁ ਇਸੇ ਬਾਰੇ ਫ਼ਰਮਾਉਂਦੇ ਹਨ ਕਿ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਇਕ ਅਮੀਰ ਨੂੰ ਦੰਡ ਦੇਣ ਖ਼ਾਤਰ ਜਲੱਾਦ ਨੂੰ ਬੁਲਾਇਆ ਤਾਂ ਇਕ ਦੱਸ ਸਾਲ ਦਾ ਲੜਕਾ ਪੁਕਾਰ ਉੱਠਿਆ (وَالۡکٰظِمِیۡنَ الۡغَیۡظَ وَاَعۡرِضۡ عَنِ الۡجَاهِلِیۡنَ۔ هٰذَا مِنَ الۡجَاهِلِیۡنَ۔) ਵਲਕਾਜ਼ਿਮੀਨਲ ਗ਼ੈਜ਼ਾ ਵ ਆਰਿਜ਼ ਅਨਿਲ ਜਾਹਿਲੀਨ, ਹਾਜ਼ਾ ਮਿਲਨ ਜਾਹਿਲੀਨ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਚਿਹਰਾ ਪੀਲਾ ਪੈ ਗਿਆ ਅਤੇ ਉਹ ਚੁੱਪ ਹੋ ਗਏ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਬੱਚਿਆਂ ਦੀ ਤਰਬੀਯਤ (ਸੀਖ ਸਿੱਖਿਆ) ਤੇ ਉਹਨਾ ਦੀ ਬੌਧਿਕਤਾ ਨੂੰ ਤਿਖੱਾ ਕਰਨ ਲਈ ਆਪਣੇ ਦਰਬਾਰ ਵਿੱਚ ਉਹਨਾ ਨੂੰ ਵੀ ਬੁਲਾਉਂਦੇ ਅਤੇ ਮਸ਼ਵਰਾ ਲਿਆ ਕਰਦੇ ਸਨ

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਬੈਤੁਲ ਮਾਲ ਦੀ ਸੰਪਤੀ ਦੀ ਸੁਰੱਖਿਆ ਵਿੱਚ ਬਹੁਤ ਸਾਵਧਾਨੀ ਰੱਖਿਆ ਕਰਦੇ ਸਨ । ਇਕ ਵਾਰ ਕਿਸੇ ਨੇ ਆਪ ਰਜ਼ੀ ਅਲੱਾਹੁ ਅਨਹੁ ਨੂੰ ਇਕ ਗਲਾਸ ਦੁੱਧ ਦਿੱਤਾ, ਆਪ ਰਜ਼ੀ ਅਲੱਾਹੁ ਅਨਹੁ ਨੇ ਪੀਤਾ ਅਤੇ ਪੁੱਛਿਆ ਕਿ ਇਹ ਕਿੱਥੋਂ ਆਇਆ । ਦੱਸਿਆ ਗਿਆ ਕਿ ਇਹ ਜ਼ਕਾਤ ਦੇ ਊਠਾਂ ਦਾ ਹੈ । ਆਪ ਰਜ਼ੀ ਅਲੱਾਹੁ ਅਨਹੁ ਨੇ ਜ਼ਕਾਤ ਦਾ ਮਾਲ ਪੀਣ ਤੋਂ ਇਨਕਾਰ ਕਰਕੇ ਮੂੰਹ ਵਿੱਚ ਹੱਥ ਪਾਕੇ ਉਲਟੀ ਕਰਕੇ ਉਸ ਨੂੰ ਕੱਢ ਦਿੱਤਾ । ਇਕ ਵਾਰ ਆਪ ਰਜ਼ੀ ਅਲੱਾਹੁ ਅਨਹੁ ਦੀ

ਬਿਮਾਰੀ ਵਿੱਚ ਸ਼ਹਿਦ ਤਜਵੀਜ਼ ਕੀਤਾ ਗਿਆ ਜੋ ਕਿ ਬੈਤੁਲਮਾਲ ਵਿੱਚ ਉਪਲਭਦ ਸੀ, ਪਰ ਆਪ ਰਜ਼ੀ ਅਲੱਾਹੁ ਅਨਹੁ ਨੇ ਲੋਕਾਂ ਦੀ ਆਗਿਆ ਤੋਂ ਬਿਨਾ ਲੈਂਣਾ ਹਰਾਮ ਕਰਾਰ ਦਿਤੱਾ । ਇਕ ਦੁਪਹਿਰ ਕਰੜੀ ਗਰਮੀ ਵਿੱਚ ਪਿੱਛੇ ਰਹਿ ਜਾਣ ਵਾਲੇ ਦੋ ਊਠਾਂ ਨੂੰ ਹਿੱਕ ਕੇ ਚਰਾਗਾਹ ਤੱਕ ਲੈ ਗਏ ਕਿ ਕਿਤੇ ਗੁਆਚ ਨ ਜਾਣ ਅਤੇ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਨੂੰ ਫ਼ਰਮਾਇਆ ਕਿ ਇਹ ਮੇਰਾ ਕੰਮ ਹੈ ਮੈਂ ਹੀ ਕਰਾਂਗਾ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਰੱਬ ਨੇ ਮੁਸਲਮਾਨਾ ਨੂੰ ਮਾਲ ਦਿਤੱਾ, ਦੌਲਤ ਦਿੱਤੀ, ਸਨਮਾਨ ਦਿਤੱਾ, ਰੁਤਬਾ ਤੇ ਮਰਤਬਾ ਦਿਤੱਾ ਪਰ ਉਹ ਇਸਲਾਮੀ ਸਿਖਿਆ ਤੋਂ ਗ਼ਾਫ਼ਲ ਨਹੀਂ ਹੋਏ । ਸਈਦ ਬਿਨ ਮੁਸੈਬ ਰਜ਼ੀ ਅਲੱਾਹੁ ਅਨਹੁ ਤੋਂ ਰਿਵਾਇਤ ਹੈ ਕਿ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਇਕ ਯਹੂਦੀ ਤੇ ਮੁਸਲਮਾਨ ਦੀ ਲੜਾਈ ਵਿੱਚ ਯਹੂਦੀ ਦੇ ਸੱਚੇ ਹੋਣ'ਤੇ ਉਸ ਦੇ ਹੱਕ ਵਿੱਚ ਫੈਸਲਾ ਦਿਤੱਾ । ਹਜ਼ਰਤ ਅਨਸ ਰਜ਼ੀ ਅਲੱਾਹੁ ਅਨਹੁ ਰਿਵਾਇਤ ਕਰਦੇ ਹਨ ਕਿ ਹਜ਼ਰਤ ਉਮਰੋ ਬਿਨ ਆਸ ਰਜ਼ੀ ਅਲੱਾਹੁ ਅਨਹੁ ਦੇ ਬੇਟੇ ਨੇ ਮਿਸਰ ਦੇ ਇਕ ਵਿਅਕਤੀ ਨੂੰ ਦੌੜ ਵਿੱਚ ਅੱਗੇ ਨਿਕਲਣ ਕਰਕੇ ਕੋੜੇ ਮਾਰੇ ਤਾਂ ਉਸੇ ਮਿਸਰੀ ਵਿਅਕਤੀ ਤੋਂ ਹਜ਼ਰਤ ਉਮਰੋ ਬਿਨ ਆਸ ਰਜ਼ੀ ਅਲੱਾਹੁ ਅਨਹੁ ਦੇ ਬੇਟੇ ਨੂੰ ਕੋੜੇ ਮਰਵਾਏ । ਇਕ ਰਿਵਾਇਤ ਵਿੱਚ ਹੈ ਕਿ ਇਕ ਵਾਰ ਇਕ ਵਿਅਕਤੀ ਨੇ ਕਿਹਾ ਕਿ ਜੇਕਰ ਅਸੀਂ ਆਪ ਰਜ਼ੀ ਅਲੱਾਹੁ ਅਨਹੁ ਵਿੱਚ ਟੇਢਾਪਨ ਦੇਖਾਂਗੇ ਤਾਂ ਉਸਨੂੰ ਆਪਣੀ ਤਲਵਾਰ ਨਾਲ ਸਿਧੱਾ ਕਰਾਂਗੇ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਰੱਬ ਦਾ ਸ਼ੁਕਰ ਕੀਤਾ ਕਿ ਇਸ ਉਮੱਤ ਵਿੱਚ ਅਜਿਹਾ ਵਿਅਕਤੀ ਵੀ ਹੈ । ਇਕ ਮੌਕੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਫ਼ਰਮਾਇਆ ਕਿ ਮੇਰੇ ਨੇੜੇ ਸਭ ਤੋਂ ਪਸੰਦੀਦਾ ਵਿਅਕਤੀ ਉਹ ਹੈ ਜੋ ਮੇਰੇ ਐਬਾਂ ਤੋਂ ਮੈਂਨੂੰ ਜਾਣੂ ਕਰਾਏ । ਫਿਰ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਇਕ ਕਥਨ ਵਰਨਣ ਕੀਤਾ ਜਾਂਦਾ ਹੈ ਕਿ ਮੈਨੂੰ ਖ਼ੌਫ਼ ਹੈ ਕਿ ਮੈਂ ਗ਼ਲਤੀ ਕਰਾਂ ਅਤੇ ਮੇਰੇ ਡਰ ਕਰਕੇ ਕੋਈ ਮੈਂਨੂੰ ਸਿਧੱਾ ਮਾਰਗ ਨ ਦੱਸੇ ।

ਇਕ ਦਿਨ ਆਪ ਕੋਲ ਇਕ ਵਿਅਕਤੀ ਆਇਆ ਅਤੇ ਆਮ ਮਜਮੇ ਸਾਹਮਣੇ ਕਹਿਣ ਲਗੱਾ, ਹੇ ਉਮਰ ! ਰੱਬ ਤੋਂ ਡਰੋ । ਕਈ ਲੋਕ ਉਸਦੀ ਗੱਲ ਸੁਣਕੇ ਬਹੁਤ ਗੁੱਸੇ ਹੋ ਗਏ ਅਤੇ ਉਸਨੂੰ ਚੁੱਪ ਕਰਾਉਂਣਾ ਚਾਹਿਆ, ਇਸ'ਤੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਉਸ ਨੂੰ ਕਿਹਾ ਤੁਹਾਡੇ ਵਿੱਚ ਕੋਈ ਭਲਾਈ ਨਹੀ, ਜੇਕਰ ਤੁਸੀਂ ਐਬ ਨੂੰ ਨ ਦੱਸੋ ਅਤੇ ਸਾਡੇ ਵਿੱਚ ਕੋਈ ਭਲਾਈ ਨਹੀਂ ਜੇਕਰ ਅਸੀਂ ਉਸਨੂੰ ਨ ਸੁਣੀਏ ਅਰਥਾਤ ਉਸਨੂੰ ਕਿਹਾ ਕਿ ਕੇਵਲ ਗੱਲ ਨ ਬਣਾਓ ਸਗੋਂ ਨਿਸਚਿਤ ਰੂਪ ਵਿੱਚ ਦੱਸੋ ਕਿ ਕੀ ਗੱਲ ਕਰਨਾ ਚਾਹੁੰਦੇ ਹੋ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਧਾਰਮਕ ਕਾਰਜਾਂ ਵਿੱਚ ਇਸਲਾਮੀ ਸਿੱਖਿਆ ਦਾ ਵੀ ਬਹੁਤ ਧਿਆਨ ਰੱਖਿਆ ਕਰਦੇ ਸਨ । ਇਸਕੰਦਰੀਆ ਦੀ ਜਿੱਤ ਦੇ ਬਾਦ ਜੰਗੀ ਕੈਦੀਆਂ ਨੂੰ ਪੂਰੀ ਸੁਤੰਤਰਤਾ ਦਿੱਤੀ ਗਈ ਕਿ ਜੇਕਰ ਇਸਲਾਮ ਕੁਬੂਲ ਕੀਤਾ ਤਾਂ ਉਹਨਾਂ ਦੇ ਅਧਿਕਾਰ ਮੁਸਲਮਾਨਾ ਜਿਹੇ ਹੋਣਗੇ ਅਤੇ ਜੋ ਆਪਣੇ ਧਰਮ'ਤੇ ਸਿਥਿਰ ਰਹੇਗਾ ਉਸ'ਤੇ ਜਜ਼ੀਆ (ਟੈਕਸ) ਲਾਗੂ ਹੋਵੇਗਾ। ਇਸ'ਤੇ ਬਹੁਤ ਸਾਰੇ ਜੰਗੀ ਕੈਦੀ ਮੁਸਲਮਾਨ ਹੋ ਗਏ । ਇਕ ਮਰਨ ਨੇੜੇ ਲੋੜਵੰਦ ਬੁੱਢੀ ਇਸਾਈ ਇਸਤਰੀ ਨੂੰ ਇਸਲਾਮ ਦਾ ਸਦੱਾ ਦਿਤੱਾ ਗਿਆ ਅਤੇ ਬਾਦ ਵਿੱਚ ਰੱਬ ਤੋਂ ਤੌਬਾ ਕੀਤੀ ਕਿ ਕਿਤੇ ਉਸਦੀ ਮਜਬੂਰੀ ਉਸ ਨੂੰ ਮੁਸਲਮਾਨ ਬਨਾਉਂਣ ਦੇ ਸਮਾਨਅਰਥ ਨ ਹੋ ਜਾਏ । ਆਪਣੇ ਇਕ ਇਸਾਈ ਗ਼ੁਲਾਮ ਅਸ਼ਕ ਨੂੰ ਮੁਸਲਮਾਨ ਹੋਣ ਲਈ ਕਿਹਾ ਤਾਂ ਉਸਨੇ ਇਨਕਾਰ ਕਰ ਦਿਤੱਾ । ਆਪ ਰਜ਼ੀ ਅਲੱਾਹੁ ਅਨਹੁ ਨੇ ਫ਼ਰਮਾਇਆ (لَآ اِكْرَاهَ فِى الدِّيْنِ) ਲਾ ਇਕਰਾਹਾ ਫ਼ਿੱਦੀਨ ਅਰਥਾਤ ਧਰਮ ਵਿੱਚ ਕੋਈ ਜਬਰ ਨਹੀਂ ਅਤੇ ਆਪਣੇ ਦੇਹਾਂਤ ਨੇੜੇ ਉਸਨੂੰ ਅਜ਼ਾਦ ਕਰ ਦਿਤੱਾ । ਹਜ਼ਰਤ ਉਮਰ ਪਸ਼ੂਆਂ'ਤੇ ਵੀ ਬਹੁਤ ਮਿਹਰ ਕਰਿਆ ਕਰਦੇ ਸਨ । ਇਕ ਊਠ ਦੀ ਪੁੱਠ'ਤੇ ਜ਼ਖ਼ਮ ਦੇਖਿਆ ਤਾਂ ਕਿਹਾ ਕਿ ਤੇਰੇ ਬਾਰੇ ਰੱਬ ਦੀ ਪੁੱਛ ਗਿੱਛ ਤੋਂ ਡਰਦਾ ਹਾਂ । ਇਕ ਵਾਰ ਇਕ ਗ਼ੁਲਾਮ ਇਕ ਸਵਾਰੀ ਨੂੰ ਚਾਰ ਮੀਲ ਤੱਕ ਦੌੜਾਕੇ ਮੱਛੀ ਖ਼ਰੀਦ ਲਿਆਇਆ ਤਾਂ ਆਪ ਰਜ਼ੀ ਅਲੱਾਹੁ ਅਨਹੁ ਨੇ ਉਸ ਸਵਾਰੀ ਦਾ ਮੁੜ੍ਹਕਾ ਦੇਖਕੇ ਮੱਛੀ ਖਾਣ ਤੋਂ ਇਨਕਾਰ ਕਰ ਦਿਤੱਾ ਕਿ ਮੇਰੇ ਲਈ ਇਕ ਪਸ਼ੂ ਨੂੰ ਕਸ਼ਟ ਵਿੱਚ ਪਾਇਆ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਇਸ ਬਾਰੇ ਵਰਨਣ ਕਰਦੇ ਹਨ ਕਿ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਇਕ ਯਹੂਦੀ ਨੇ ਕਿਹਾ ਕਿ ਕੁਰਆਨ ਕਰੀਮ ਵਿੱਚ ਇਕ ਆਇਤ ਹੈ, ਜੇਕਰ ਉਹ ਸਾਡੀ ਕਿਤਾਬ ਵਿੱਚ ਉਤਰਦੀ ਤਾਂ ਅਸੀਂ ਉਸ ਦਿਨ

ਈਦ ਮਨਾਉਂਦੇ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਕਿਹਾ ਕਿ ਉਹ ਕਿਹੜੀ ਆਇਤ ਹੈ, ਉਸ ਨੇ ਉਤੱਰ ਦਿੱਤਾ (اليوم اكملت لكم دينكم) ਅਲਯੌਮਾ ਅਕਮਲਤੁ ਲਕੁਮ ਦੀਨਾਕੁਮ । ਆਪ ਨੇ ਫ਼ਰਮਾਇਆ ਉਹ ਦਿਨ ਤਾਂ ਸਾਡੇ ਲਈ ਦੋ ਈਦਾਂ ਦਾ ਦਿਨ ਹੈ ਅਰਥਾਤ ਜੁਮਏ ਦਾ ਦਿਨ ਅਤੇ ਅਰਫ਼ਾ ਦਾ ਦਿਨ ਇਹ ਆਇਤ ਨਾਜ਼ਿਲ ਹੋਈ ਸੀ ਉਸ ਦਿਨ ।

ਕਈ ਬਜ਼ੁਰਗ ਬਿਆਨ ਕਰਦੇ ਹਨ ਕਿ ਜੱਦ ਲੋਕ ਕਿਸੇ ਮਸਲੇ ਬਾਰੇ ਮਤਿਭੇਦ ਕਰਨ ਤਾਂ ਦੇਖੋ ਕਿ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਇਸ ਮਾਮਲੇ ਵਿੱਚ ਕੀ ਕੀਤਾ ਹੈ ਕਿਉਂਕਿ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਬਿਨਾ ਮਸ਼ਵਰੇ ਦੇ ਕੋਈ ਕੰਮ ਨਹੀਂ ਕੀਤਾ ਕਰਦੇ ਸਨ । ਹਜ਼ਰਤ ਕਬੀਸਾ ਬਿਨ ਜਾਬਰ ਰਜ਼ੀ ਅਲੱਾਹੁ ਅਨਹੁ ਕਹਿੰਦੇ ਹਨ ਕਿ ਮੈਂ ਆਪ ਤੋਂ ਵੱਧ ਰੱਬ ਦੀ ਕਿਤਾਬ ਨੂੰ ਪੜ੍ਹਨ ਵਾਲਾ, ਰੱਬ ਦੇ ਧਰਮ ਨੂੰ ਸਮਝਣ ਵਾਲਾ ਅਤੇ ਸੀਖ ਸਿੱਖਿਆ ਦੇਣ ਵਾਲਾ ਕੋਈ ਨਹੀਂ ਦੇਖਿਆ । ਹਜ਼ਰਤ ਹਸਨ ਬਸਰੀ ਰਹਿਮਾਹੁਲੱਾਹ ਨੇ ਕਿਹਾ ਜੱਦ ਤੁਸੀਂ ਆਪਣੀ ਸਭਾ ਨੂੰ ਸੁਗੰਧਤ ਬਨਾਉਣਾ ਚਾਹੋ ਤਾਂ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਬਹੁਤ ਜ਼ਿਕਰ ਕਰੋ । ਮੁਜਾਹਿਦ ਤੋਂ ਰਿਵਾਇਤ ਹੈ ਕਿ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਕਾਲ ਵਿੱਚ ਸ਼ੈਤਾਨ ਜਕੜੇ ਹੋਏ ਸਨ । ਜੱਦ ਆਪ ਸ਼ਹੀਦ ਹੋਏ ਤਾਂ ਸ਼ੈਤਾਨ ਧਰਤੀ'ਤੇ ਉਛੱਲਣ ਕੁਦੱਣ ਲੱਗੇ । ਅਲੀ ਮੁਹਮੱਦ ਸਲਾਬੀ ਲਿਖੱਦੇ ਹਨ ਕਿ ਆਪ ਇਸਲਾਮੀ ਵਿਸ਼ੇਸ਼ਤਾਵਾਂ ਨੂੰ ਪ੍ਰਤੀਬਿੰਬਤ ਕਰਨ ਵਾਲੀਆਂ ਕਾਵਿ ਰਚਨਾਵਾਂ ਪਸੰਦ ਕਰਦੇ ਸਨ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਇਸ਼ਕੀਆ ਸ਼ੇਅਰਾਂ ਵਿੱਚ ਸ਼ਰੀਫ਼ ਇਸਤਰੀਆਂ ਦੇ ਨਾਂ ਲਿਆਉਣ ਦੀ ਰੀਤ ਨੂੰ ਮਿਟਾ ਦਿੱਤਾ ਅਤੇ ਇਸਦਾ ਕਰੜਾ ਦੰਡ ਨਿਰਧਾਰਤ ਕੀਤਾ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਗੁਣਾ ਤੇ ਖ਼ੂਬੀਆਂ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਕਈ ਭਵਿੱਖਬਾਣੀਆਂ ਦੀਆਂ ਘਟਨਾਵਾਂ ਜਿੰਨ੍ਹਾ ਦਾ ਇਕ ਹੀ ਵਾਰ ਪ੍ਰਕਟ ਹੋਣਾ ਆਸ ਰੱਖਿਆ ਗਿਆ ਉਹ ਲੜੀਵਾਰ ਪ੍ਰਕਟ ਹੋਣ ਜਾਂ ਕਿਸੇ ਹੋਰ ਵਿਅਕਤੀ ਰਾਹੀਂ ਪ੍ਰਕਟ ਹੋਣ ਜਿਵੇਂ ਕਿ ਸਾਡੇ ਸਾਡੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੀ ਇਹ ਭਵਿੱਖਬਾਣੀ ਕਿ ਕੈਸਰ ਤੇ ਕਿਸਰਾ ਦੇ ਖ਼ਜ਼ਾਨਿਆਂ ਦੀਆਂ ਕੁੰਜੀਆਂ ਆਪਦੇ ਹਥੱਾਂ'ਤੇ ਰੱਖੀਆਂ ਗਈਆਂ ਹਨ । ਜੱਦ ਕਿ ਜ਼ਾਹਰ ਹੈ ਕਿ ਭਵਿੱਖਬਾਣੀ ਦੇ ਪ੍ਰਕਟ ਹੋਣ ਤੋਂ ਪਹਿਲਾਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਫ਼ੌਤ ਹੋ ਚੁੱਕੇ ਸਨ ਅਤੇ ਆਪ ਜੀ ਨੇ ਨ ਤਾਂ ਕੈਸਰ ਤੇ ਕਿਸਰਾ ਦੇ ਖ਼ਜ਼ਾਨਿਆਂ ਨੂੰ ਦੇਖਿਆ ਅਤੇ ਨ ਹੀ ਕੁੰਜੀਆਂ ਦੇਖੀਆਂ, ਪਰ ਕਿਉਕਿ ਮੁਕਦੱਰ ਸੀ ਕਿ ਉਹ ਕੁੰਜੀਆਂ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਮਿਲੀਆਂ ਕਿਉਂਕਿ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਵੁਜੂਦ ਪ੍ਰਤੀਬਿੰਬਤ ਰੂਪ ਵਿੱਚ ਸੰਭਵਤਾ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦਾ ਵੁਜੂਦ ਸੀ ਇਸ ਲਈ ਵਹੀ ਦੀ ਅਵਸਥਾ ਵਿੱਚ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਹੱਥ ਰੱਬ ਦੇ ਪੈਗੰਬਰ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦਾ ਹੱਥ ਕਰਾਰ ਦਿਤੱਾ ਗਿਆ ।

ਫਿਰ ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਰੱਬ ਨੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਅਤੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਜ਼ੁੰਨੂਰੈਨ ਨੂੰ ਇਸਲਾਮ ਦੇ ਦਰਵਾਜ਼ੇ ਅਤੇ ਭਲਾਈ ਦੇ ਪੁੰਜ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੀ ਫ਼ੌਜ ਦੇ ਹਰ ਪਹਿਲਾ ਦਸਤਾ ਬਣਾਇਆ ਹੈ । ਸੋ, ਜੋ ਵਿਅਕਤੀ ਇਹਨਾ ਦੀ ਅਜ਼ਮਤ ਤੇ ਵੱਡਿਆਈ ਤੋਂ ਇਨਕਾਰ ਕਰਦਾ ਹੈ, ਮੈਂਨੂੰ ਉਸਦੇ ਬੁਰੇ ਅੰਜਾਮ ਤੇ ਇਮਾਨ ਦੇ ਖ਼ੁਸੱਣ ਦਾ ਡਰ ਹੈ । ਖ਼ੁਲਫ਼ਾਏ ਰਾਸ਼ਿਦੀਨ ਨਿਰਸੰਦੇਹ ਸਰਬ ਅਵਤਾਰਾਂ ਲਈ ਭਲਾਈ ਦੇ ਪੁੰਜ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੀ ਪੈਰ੍ਹਵੀ ਹੇਠ ਮਹਾਨਤਮ ਮੁਕਾਮ'ਤੇ ਵਿਰਾਜਮਾਨ ਸਨ ਅਤੇ ਰੱਬ ਨੇ ਉਹਨਾਂ ਨੂੰ ਉਹ ਕੁਝ ਦਿਤੱਾ ਜੋ ਪੂਰਨ ਸੰਸਾਰ ਵਿੱਚ ਕਿਸੇ ਹੋਰ ਨੂੰ ਨ ਦਿਤੱਾ ਗਿਆ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਸ਼ੀਯਾ ਲੋਕ ਜੋ ਇਹ ਵਿਚਾਰ ਕਰਦੇ ਹਨ ਕਿ ਅਬੂ ਬਕਰ ਸਿੱਦੀਕ ਰਜ਼ੀ ਅਲੱਾਹੁ ਅਨਹੁ ਜਾਂ ਉਮਰ ਫ਼ਾਰੂਕ ਰਜ਼ੀ ਅਲੱਾਹੁ ਅਨਹੁ ਨੇ ਅਲੀ ਮੁਰਤਜ਼ਾ ਰਜ਼ੀ ਅਲੱਾਹੁ ਅਨਹੁ ਜਾਂ ਫ਼ਾਤਿਮਾ ਤੁਜ਼ ਜ਼ੁਹਰਾ ਰਜ਼ੀ ਅਲੱਾਹੁ ਅਨਹਾ ਦੇ ਅਧਿਕਾਰਾਂ ਨੂੰ ਮਾਰਿਆ ਅਤੇ ਉਹਨਾ'ਤੇ ਜ਼ੁਲਮ ਕੀਤਾ ਤਾਂ ਅਜਿਹੇ ਵਿਅਕਤੀ ਨੇ ਨਿਆਏ ਨੂੰ ਛੱਡਿਆ, ਵਿਧੀਕੀਆਂ ਨਾਲ ਪ੍ਰੇਮ ਕੀਤਾ ਅਤੇ ਅਤਿਆਚਾਰ ਦਾ ਮਾਰਗ ਧਾਰਨ ਕੀਤਾ । ਸੱਚ ਤਾਂ ਇਹ ਹੈ ਕਿ ਅਬੂ ਬਕਰ ਸਿੱਦੀਕ ਰਜ਼ੀ ਅਲੱਾਹੁ ਅਨਹੁ ਅਤੇ ਉਮਰ ਫ਼ਰੂਕ ਰਜ਼ੀ ਅਲੱਾਹੁ ਅਨਹੁ ਦੋਹਾਂ ਨੇ ਹਕੱਾਂ ਦੀ ਅਦਾਇਗੀ ਵਿੱਚ ਕਦੇ ਵੀ ਕੁਤਾਹੀ ਨਹੀਂ ਕੀਤੀ । ਇਹਨਾ ਨੇ ਸੰਜਮਤਾ ਨੂੰ ਆਪਣਾ ਮਾਰਗ ਅਤੇ ਨਿਆਏ ਨੂੰ ਆਪਣਾ ਮੰਤਵ ਬਣਾ ਲਿਆ ਸੀ ਅਤੇ ਆਪਣੇ ਆਪ ਨੂੰ ਰੱਬ ਦੀ

ਆਗਿਆਕਾਰੀ ਵਿੱਚ ਲਾ ਰੱਖਿਆ ਸੀ । ਮਹਾਗੁਣੀ ਤੇ ਸੰਪੂਰਨ ਜਗਤ ਦੇ ਗੌਰਵਸ਼ਾਲੀ ਨਬੀ ਸਲਲੱਾਹੁ ਅਲੈਹਿ ਵਸਲੱਮ ਦੇ ਧਰਮ ਦੇ ਪੱਖ ਵਿੱਚ ਅਬੂ ਬਕਰ ਤੇ ਉਮਰ ਰਜ਼ੀ ਅਲੱਾਹੁ ਅਨਹੁਮਾ ਜਿਹਾ ਕਿਸੇ ਨੂੰ ਨਹੀਂ ਦੇਖਿਆ । ਅਬੂ ਬਕਰ ਰਜ਼ੀ ਅਲੱਾਹੁ ਅਨਹੁ ਤੇ ਉਮਰ ਰਜ਼ੀ ਅਲੱਾਹੁ ਅਨਹੁ ਦੇ ਆਚਰਣਾ ਦੀ ਕੀ ਉੱਚੀ ਸ਼ਾਨ ਹੈ । ਦੋਵੇਂ ਅਜਿਹੇ ਮੁਬਾਰਕ ਤੇ ਪਵਿੱਤਰ ਦਫ਼ਨ ਹੋਣ ਦੀ ਥਾਂ ਵਿੱਚ ਦਫ਼ਨ ਹਨ ਕਿ ਜੇਕਰ ਮੂਸਾ ਅਲੈਹਿ ਸਲਾਮ ਤੇ ਈਸਾ ਅਲੈਹਿ ਸਲਾਮ ਜੀਉਂਦੇ ਹੁੰਦੇ ਤਾਂ ਹਜ਼ਾਰਾਂ ਇਛੱਾਵਾਂ ਨਾਲ ਉੱਥੇ ਦਫ਼ਨ ਹੋਣ ਦੀ ਤਮਨੱਾ ਕਰਦੇ, ਪਰ ਇਹ ਮੁਕਾਮ ਸਨਮਾਨ ਯੋਗ ਰੱਬ ਦੀ ਦਰਗਾਹੋਂ ਇਕ ਅਨਾਦਿ ਰਹਿਮਤ ਹੈ ਜੋ ਕਵੇਲ ਇਹਨਾ ਹੀ ਲੋਕਾਂ ਵੱਲ ਧਿਆਨ ਕਰਦੀ ਹੈ ਜਿੰਨ੍ਹਾ ਵੱਲ ਇਲਾਹੀ ਪਖੱਤਾ ਆਦਿ ਤੋਂ ਧਿਆਨ ਕੇਂਦਰਤ ਹੈ । ਇਹੋ ਲੋਕ ਹਨ ਜਿੰਨ੍ਹਾ ਨੂੰ ਅਖ਼ੀਰ ਰੱਬ ਦੀਆਂ ਮਿਹਰਾਂ ਦੀਆਂ ਚਾਦਰਾਂ ਢੱਕ ਲੈਂਦੀਆਂ ਹਨ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਬਾਦ ਜੋ ਕੁਝ ਇਸਲਾਮ ਦਾ ਬਣਿਆ ਹੈ ਉਹ ਸਹਾਬਾ ਰਾਹੀਂ ਹੀ ਬਣਿਆ ਹੈ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਜੋ ਕੁਝ ਕੀਤਾ ਹੈ ਉਹ ਜੇਕਰ ਕੁਝ ਘੱਟ ਨਹੀਂ ਪਰ ਸਫ਼ਲਤਾਵਾਂ ਦੀ ਪਟਰੀ ਤਾਂ ਸਿੱਦੀਕੇ ਅਕਬਰ ਰਜ਼ੀ ਅਲੱਾਹੁ ਅਨਹੁ ਨੇ ਹੀ ਜਮਾਈ ਸੀ, ਸਿੱਦਕ ਰਜ਼ੀ ਅਲੱਾਹੁ ਅਨਹੁ ਨੇ ਮਾਰਗ ਸਾਫ਼ ਕਰ ਦਿਤੱਾ ਤਾਂ ਫਿਰ ਇਸ'ਤੇ ਉਮਰ ਰਜ਼ੀ ਅਲੱਾਹੁ ਅਨਹੁ ਨੇ ਜਿਤੱਾਂ ਦਾ ਦਰਵਾਜ਼ਾ ਖੋਲਿਆ ।

ਹਜ਼ਰਤ ਮੌਲਵੀ ਅਬਦੁਲ ਕਰੀਮ ਸਾਹਬ ਰਜ਼ੀ ਅਲੱਾਹੁ ਅਨਹੁ ਲਿਖੱਦੇ ਹਨ ਕਿ ਇਕ ਵਾਰ ਇਕ ਮਿਤੱਰ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸੇਵਾਂ ਵਿੱਚ ਬਿਨਤੀ ਕੀਤੀ ਕਿ ਕਿਉਂ ਨ ਅਸੀਂ ਆਪ ਅਲੈਹਿ ਸਲਾਮ ਨੂੰ ਦਰਜਿਆਂ ਵਿੱਚ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਤੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਤੋਂ ਅਫ਼ਜ਼ਲ (ਬਿਹਤਰ) ਸਮਝਿਆ ਕਰੀਏ ਅਤੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਨੇੜੇ ਨੇੜੇ ਮੰਨੀਏ ? ਇਸ ਗੱਲ ਨੂੰ ਸੁਣਕੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਰੰਗ ਉਡੱ ਗਿਆ ਅਤੇ ਆਪ ਅਲੈਹਿ ਸਲਾਮ'ਤੇ ਇਕ ਹੋਰ ਪ੍ਰਕਾਰ ਦੀ ਬੇਚੈਨੀ ਤੇ ਪਰੇਸ਼ਾਨੀ ਜਿਹੀ ਛਾ ਗਈ । ਇਸ'ਤੇ ਆਪ ਨੇ ਨਿਰੰਤਰ ਛੇ ਘੰਟੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਗੁਣਾ ਤੇ ਪ੍ਰਸ਼ੰਸਨਾਵਾਂ, ਆਪਣੀ ਗ਼ੁਲਾਮੀ ਤੇ ਅਦਨਾ ਮਰਤਬੇ ਅਤੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਤੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਗੁਣਾ ਤੇ ਵੱਡਿਆਈਆਂ ਨੂੰ ਵਰਨਣ ਕਰਦਿਆਂ ਹੋਇਆਂ ਫ਼ਰਮਾਇਆ ਕਿ ਮੇਰੇ ਲਈ ਇਹੋ ਫ਼ਖ਼ਰ ਦੀ ਗੱਲ ਹੈ ਕਿ ਮੈਂ ਇਹਨਾ ਦਾ ਪ੍ਰਸ਼ੰਸਕ ਤੇ ਚਰਣਾ ਦੀ ਧੂੜ ਹਾਂ । ਜੋ ਵੱਡਿਆਈ ਰੱਬ ਨੇ ਇਹਨਾ ਨੂੰ ਬਖ਼ਸ਼ੀ ਹੈ ਉਹ ਪਰਲੈ ਤੱਕ ਕੋਈ ਨਹੀਂ ਲੈ ਸਕਦਾ । ਕੱਦ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੁਨੀਆ ਵਿੱਚ ਫਿਰ ਪੈਦਾ ਹੋਣ ਅਤੇ ਫਿਰ ਕਿਸੇ ਨੂੰ ਅਜਿਹੀ ਸੇਵਾ ਦਾ ਮੌਕਾ ਮਿਲੇ ਜੋ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਅਤੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਮਿਲਿਆ ਸੀ ।

ਹਜ਼ੂਰ ਅਨਵਰ ਨੇ ਅਖ਼ੀਰ ਵਿੱਚ ਫ਼ਰਮਾਇਆ ਕਿ ਇਹਨਾ ਖ਼ੁਤਬਿਆਂ ਵਿੱਚ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਜ਼ਿਕਰ ਇੱਥੇ ਖ਼ਤਮ ਹੁੰਦਾ ਹੈ । ਭਵਿੱਖ ਵਿੱਚ ਰੱਬ ਨੇ ਸੰਜੋਗ ਪ੍ਰਦਾਨ ਕੀਤਾ ਤਾਂ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦਾ ਜ਼ਿਕਰ ਸ਼ੁਰੂ ਹੋਵੇਗਾ । ਇਨਸ਼ਾਅਲੱਾਹ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ۔ عِبَادَ اللّٰہِ رحمکم اللّٰہ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 26.11.2021**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)